IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਸਮਕਾਲੀ ਪੰਜਾਬੀ ਕਵਿਤਾ ਦੇ ਸੰਵਾਦੀ ਪ੍ਰਵਚਨ

ਡਾ. ਜਸਪ੍ਰੀਤ ਕੌਰ
ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ)
ਪੰਜਾਬ ਯੂਨੀਵਰਸਿਟੀ ਕੰਸਟੀਚਿਊਟ ਕਾਲਜ
ਨਿਹਾਲ ਸਿੰਘ ਵਾਲਾ (ਮੋਗਾ)।

ਸਮਕਾਲੀ ਪੰਜਾਬੀ ਕਵਿਤਾ ਵੰਨ-ਸੁਵੰਨੇ ਕਾਵਿ-ਪ੍ਰਵਚਨਾਂ ਦੀ ਕਵਿਤਾ ਹੈ। ਬਾਹਰੀ ਦੁਨੀਆ ਤੋਂ ਮਨੁੱਖ ਦੀ ਅੰਦਰ ਦੀ ਦੁਨੀਆ ਤੱਕ ਵਸ ਚੁੱਕੇ ਪੂੰਜੀਵਾਦੀ ਪ੍ਰਬੰਧ ਨੇ ਸਾਡੇ ਜੀਵਨ ਦੇ ਕੈਨਵਸ ਉੱਪਰ ਨਵੇਂ ਖਪਤ ਸਭਿਆਚਾਰਕ ਸਰੋਕਾਰ, ਨਾਰੀਵਾਦੀ ਸਰੋਕਾਰ, ਦਲਿਤ ਸਰੋਕਾਰ, ਪਰਵਾਸੀ ਸਰੋਕਾਰ, ਸਵੈ-ਕੇਂਦਰਤ ਸਰੋਕਾਰ, ਰਾਜਨੀਤਿਕ ਸਰੋਕਾਰ, ਪਦਾਰਥਾਂ ਪਿੱਛੇ ਦੌੜਦੀ ਆਰਥਿਕਤਾ ਦੇ ਸਰੋਕਾਰ, ਸਾਧਨਾ ਮੁਕਤ ਧਾਰਮਿਕ ਸਰੋਕਾਰ ਅਤੇ ਵਿਸੰਗਤੀਆਂ ਨਾਲ ਭਰਪੂਰ ਮਾਨਸਿਕ ਸਰੋਕਾਰ ਉਲੀਕੇ ਹਨ। ਸਮਕਾਲੀ ਪੰਜਾਬੀ ਕਵੀਆਂ ਦੀ ਸੰਵੇਦਨਸ਼ੀਲਤਾ, ਮੌਲਿਕਤਾ, ਪੜਚੋਲਵੀਂ ਦ੍ਰਿਸ਼ਟੀ ਤੇ ਸੁਹਿਰਦ ਬਿਰਤੀ ਇਨ੍ਹਾਂ ਸਰੋਕਾਰਾਂ ਨਾਲ ਸੰਵਾਦ ਕਰਦੀ ਨਜ਼ਰ ਆਉਂਦੀ ਹੈ। ਸਮਕਾਲੀ ਮਨੁੱਖ ਦੀ ਪਛਾਣ ਇਹ ਸੰਵਾਦ ਕਰਾਉਂਦੇ ਹਨ।

ਪੂੰਜੀਵਾਦ ਮਨੁੱਖ ਦੇ ਜੀਵਨ ਆਧਾਰਾਂ ਨੂੰ ਪੈਸੇ ਤੇ ਪਦਾਰਥਾਂ ਵਿੱਚ ਅਨੁਵਾਦ ਕਰਕੇ ਅਛੋਪਲੇ ਜਿਹੇ ਉਸ ਦਾ ਸਕੂਨ ਖੋਹ ਰਿਹਾ ਹੈ। ਅਜੋਕਾ ਕਵੀ ਸਕੂਨ ਅਤੇ ਸੰਵੇਦਨਾ ਤੋਂ ਸੱਖਣੇ ਮਨੁੱਖ ਦੀ ਹਨੇਰੇ 'ਚ ਮਾਰੀ ਆਵਾਜ਼ ਨੂੰ ਕਵਿਤਾ ਦਾ ਸੰਵਾਦ ਬਣਾ ਲੈਂਦਾ ਹੈ। 1990 ਤੋਂ ਬਾਅਦ ਵਿਸ਼ਵੀਕਰਨ ਨੇ ਪੂਰੀ ਤੀਬਰਤਾ ਨਾਲ ਮਨੁੱਖ ਨੂੰ ਆਪਣੇ ਕਲਾਵੇ ਵਿੱਚ ਲਿਆਉਣਾ ਆਰੰਭ ਕਰ ਦਿੱਤਾ। ਪੰਜਾਬੀ ਮਨੁੱਖ ਵੀ ਆਪਣਾ ਹਰੇਕ ਮਸਲਾ ਹੁਣ ਪੂੰਜੀਵਾਦੀ ਅਦਾਲਤ ਵਿੱਚ ਹੱਲ ਕਰਵਾਉਣ ਲੱਗਾ। ਉਸ ਦੀ ਸਹਿਜਤਾ, ਸੰਜਮਤਾ ਤੇ ਸਿਆਣਪ, ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਗੁਆਚਣ ਲੱਗੀ। ਦੁਸ਼ਮਣਾਂ ਦੀ ਵੰਗਾਰ ਦਾ ਮੂੰਹ-ਤੋੜਵਾਂ ਜਵਾਬ ਦੇਣ ਵਾਲਾ ਪੰਜਾਬੀ ਵਿਸ਼ਵੀਕਰਨ ਦੀ ਖਾਮੋਸ਼ ਘਾਤਕ ਤੇ ਬਹੁਭੇਸੀ ਵੰਗਾਰ ਨੂੰ ਸੁਣ ਤੇ ਸਮਝ ਹੀ ਨਾ ਸਕਿਆ। 19ਵੀਂ-20ਵੀਂ ਸਦੀ ਦੇ ਸੁਚੇਤ ਮਨੁੱਖ, ਜੋ ਇਸ ਵੰਗਾਰ ਨੂੰ ਸੁਣਨ ਤੇ ਸਮਝਣ ਦੇ ਸਮਰੱਥ ਹਨ, ਉਨ੍ਹਾਂ ਦੀ ਚਿੰਤਾ ਤੇ ਚੇਤਾਵਨੀ ਦੀ ਆਵਾਜ਼ 21ਵੀਂ ਸਦੀ ਦੇ ਹੋਰ ਤੇਜ਼ੀ ਨਾਲ ਵੱਧ ਰਹੇ ਪੂੰਜੀਵਾਦੀ ਵਰਤਾਰੇ ਨੇ ਮੱਧਮ ਕਰ ਦਿੱਤੀ। ਪਰ ਫਿਰ ਵੀ ਅਜਿਹੀ ਚੇਤਨਾ ਆਪਣੇ ਆਹਰੇ ਲੱਗੀ ਹੋਈ ਹੈ। ਇਸ ਲਗਨ ਦਾ ਸੰਵਾਦ ਪੰਜਾਬੀ ਸਾਹਿਤ ਰਾਹੀਂ ਸਿਰਜਿਆ ਜਾਂਦਾ ਰਿਹਾ ਹੈ। ਪੰਜਾਬੀ ਕਵਿਤਾ ਨੇ ਇਸ ਸੰਵਾਦ ਨੂੰ ਅਜੋਕੇ ਦੌਰ ਵਿੱਚ ਬਾਖ਼ੂਬ ਪੇਸ਼ ਕੀਤਾ ਹੈ।

ਵਿਸ਼ਵੀਕਰਨ ਦੇ ਆਪਹੁਦਰੇ ਵਾਤਾਵਰਨ ਵਿੱਚ ਉਪਭੋਗਤਾਵਾਦ ਦੀ ਰੁਚੀ ਤਹਿਤ ਮਨੁੱਖ, ਮਨੁੱਖਤਾ ਦੇ ਜਜ਼ਬੇ ਅਤੇ ਸਮਾਜਿਕ ਹੋਂਦ ਤੋਂ ਮੁਕਤ ਹੁੰਦਾ ਜਾ ਰਿਹਾ ਹੈ। ਅਜਿਹੇ ਮਾਹੌਲ ਵਿੱਚ ਸਮਕਾਲੀ ਮਨੁੱਖ ਖ਼ਾਮੋਸ਼ੀ ਨਾਲ ਘਾਤਕ ਰੁਝਾਨ ਵੱਲ ਖਿੱਚਿਆ ਜਾ ਰਿਹਾ ਹੈ। ਉਸ ਦੀ ਤਾਕਤ ਜੀਵਨ ਦੇ ਪਦਾਰਥਕ ਵਸੀਲਿਆਂ ਉੱਪਰ ਖਰਚ ਹੋ ਰਹੀ ਹੈ, ਨਾ ਕਿ ਆਪਣੇ ਹੋਂਦ ਮੂਲਕ ਸੰਘਰਸ਼ ਲਈ। ਮਨੁੱਖ ਸਮਾਜਿਕ, ਧਾਰਮਿਕ, ਸਭਿਆਚਾਰਕ ਤੇ ਰਾਜਨੀਤਿਕ ਸੁਹੱਪਣ ਨਾਲੋਂ ਟੁੱਟ ਕੇ ਵਸਤੂਵਾਦੀ ਸੁਹੱਪਣ ਨਾਲ ਜੁੜਦਾ ਜਾ ਰਿਹਾ ਹੈ। ਅਜਿਹੇ ਸਰੋਕਾਰ ਸਮਕਾਲੀ ਮਨੁੱਖ ਦੀ ਗੁੰਝਲਦਾਰ ਸਥਿਤੀ

ਨੂੰ ਪ੍ਰਗਟਾਉਂਦੇ ਹੋਏ ਕਾਵਿ-ਸਾਹਿਤ ਰਾਹੀਂ ਬਾਹਰਮੁਖੀ ਤੇ ਅੰਤਰਮੁਖੀ ਸੰਵਾਦ ਸਿਰਜਦੇ ਹਨ। ਡਾ. ਸਰਬਜੀਤ ਸਿੰਘ ਆਪਣੀ ਪੁਸਤਕ 'ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ' ਵਿੱਚ ਸਮਕਾਲੀ ਪੰਜਾਬੀ ਕਵਿਤਾ ਦੀ ਮਨੁੱਖ ਦੇ ਬਾਹਰਮੁਖੀ ਸਰੋਕਾਰਾਂ ਸੰਬੰਧੀ ਸੰਵਾਦ ਦ੍ਰਿਸ਼ਟੀ ਬਾਰੇ ਚਿੰਤਨ ਕਰਦੇ ਰਹਿੰਦੇ ਹਨ, "ਨਵੀਂ ਪੰਜਾਬੀ ਕਵਿਤਾ ਵਿਚ ਉਪਭੋਗਤਾ, ਮੰਡੀ, ਇਸ਼ਤਿਹਾਰ ਅਤੇ ਵਸਤਾਂ ਦਾ ਬਹੁਤ ਵਿਰੋਧ ਹੈ ਤੇ ਵਿਰੋਧ ਵੀ ਬਹੁਤ ਉੱਚੀ ਸੁਰ ਵਿਚ ਹੈ। ਜਿਸ ਕਵਿਤਾ ਕੋਲ ਵਿਚਾਰਧਾਰਕ ਸੂਝ ਨਹੀਂ ਹੈ, ਉਹ ਇਨ੍ਹਾਂ ਮਸਲਿਆਂ ਨਾਲ ਸ਼ਬਦੀ ਜੰਗ ਲੜਦੀ ਹੈ। ਅਜਿਹੀ ਕਵਿਤਾ ਨਾਂਹਵਾਦੀ ਯਥਾਰਥ ਪ੍ਰਤੀ ਨਾਂਹਵਾਦੀ ਪ੍ਰਤੀਕਰਮ ਕਰਦੀ ਹੈ। ਅਜਿਹੀ ਕਵਿਤਾ ਉਪਭੋਗਤਾਵਾਦ ਨੂੰ ਮਹਿਜ਼ ਵਸਤਾਂ ਤੱਕ ਦੇਖ ਰਹੀ ਹੈ। ਇਹ ਉਸ ਸਾਜ਼ਿਸ਼ ਨੂੰ ਨਹੀਂ ਪਛਾਣਦੀ ਜਿਸ ਨਾਲ ਮਨੁੱਖੀ ਸੰਵੇਦਨਾ ਨੂੰ ਸੁੰਨ ਕਰਕੇ ਉਸ ਨੂੰ ਸਮਾਜਿਕਤਾ ਤੋਂ ਵਿਛੁੰਨਿਆ ਜਾਂਦਾ ਹੈ।"[1] ਇਸ ਤਰ੍ਹਾਂ ਪੂੰਜੀਪਤੀਆਂ ਦੀ ਖ਼ਾਮੋਸ਼ ਰਾਜਨੀਤੀ ਵਸਤਾਂ ਦੇ ਬੋਲ-ਬਾਲੇ ਵਿੱਚ ਆਪਣਾ ਸਰਮਾਏਦਾਰੀ ਪ੍ਰਬੰਧ ਮਜ਼ਬੂਤ ਕਰ ਰਹੀ ਹੈ। ਜਿਸ ਦੇ ਅਚੇਤ ਅਤੇ ਸੁਚੇਤ ਵਾਰ ਪ੍ਰਤੀ ਮਨੁੱਖ ਨੂੰ ਖ਼ਬਰਦਾਰ ਕਰਨਾ ਪੰਜਾਬੀ ਕਵਿਤਾ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਪਰ ਫਿਰ ਵੀ ਪੰਜਾਬੀ ਕਵਿਤਾ ਸਮਕਾਲੀ ਹਾਲਾਤਾਂ ਅਤੇ ਸਰਵਪੱਖੀ ਸਰੋਕਾਰਾਂ ਨੂੰ ਉਲੀਕਣ ਲਈ ਯਤਨਸ਼ੀਲ ਹੈ। ਇਹ ਕਵਿਤਾ ਵਾਪਰ ਰਹੇ ਵਰਤਾਰੇ ਨੂੰ ਪੇਸ਼ ਤਾਂ ਬਾਖੂਬ ਕਰਦੀ ਹੈ ਪਰ ਕਿਸੇ ਢੁੱਕਵੇਂ ਹੱਲ ਦੀ ਗੱਲ ਘੱਟ ਹੀ ਕਰਦੀ ਹੈ। ਖ਼ੈਰ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਪੰਜਾਬੀ ਕਵਿਤਾ ਦੀ ਭੂਮਿਕਾ ਗਿਣਾਤਮਕ ਅਤੇ ਗੁਣਾਤਮਕ ਗੁਣਾਂ ਸਦਕਾ ਮਹੱਤਵਪੂਰਨ ਹੈ।

ਅੱਜ ਦੇ ਸਮਾਜ ਨੂੰ ਵੀ ਪੂੰਜੀਵਾਦ ਨੇ ਏਕਤਾ ਦੇ ਸੂਤਰ ਨਾਲੋਂ ਤੋੜ ਕੇ ਕਈ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਪਰ ਕੁੱਝ ਖ਼ਾਸ ਤੇ ਗੌਲਣਯੋਗ ਕਿਰਦਾਰਾਂ ਵਾਂਗ ਪੰਜਾਬੀ ਕਵਿਤਾ ਵੀ ਬਾਹਰਮੁਖੀ ਸੰਵਾਦ ਅਤੇ ਅੰਤਰਮੁਖੀ ਸੰਵਾਦ ਪੇਸ਼ ਕਰਦੀ ਹੈ। ਮਨੁੱਖ ਦੀ ਜਨਮ ਭੂਮੀ ਤੇ ਪੁਰਖਿਆਂ ਪ੍ਰਤੀ ਖਿੱਚ ਨੂੰ ਸਮਕਾਲੀ ਕਵੀ ਕੁੱਝ ਇਸ ਤਰ੍ਹਾਂ ਚਿਤਰਦੇ ਹਨ:-

ਪਿੰਡ ਨਹੀਂ ਵਿਕ ਰਿਹਾ
ਪਿੰਡ ਦੇ ਬਹਾਨੇ ਮੇਰੇ ਪੁਰਖੇ ਵਿਕ ਰਹੇ ਹਨ
ਪੁਰਖਿਆਂ ਬਹਾਨੇ ਮੇਰੇ ਸੰਸਕਾਰ ਵਿਕ ਰਹੇ ਹਨ
ਇਸ ਧਰਤੀ ਤੋਂ ਤੁਰ ਗਏ
ਮੇਰੇ ਪਿਤਰਾਂ ਦੇ ਪਰਿਵਾਰ ਵਿਕ ਰਹੇ ਹਨ।[2]

ਇਹ ਕਾਵਿ-ਸਤਰਾਂ ਮਨੁੱਖੀ ਜੀਵਨ ਦੀਆਂ ਬਹੁਪੱਖੀ ਸੰਭਾਵਨਾਵਾਂ ਦੇ ਰੱਦ ਹੋਣ ਮਗਰੋਂ ਉਤਪੰਨ ਹੋਈ ਪੀੜ ਨੂੰ ਬਿਆਨਦੀਆਂ ਹਨ। ਵਿਰਾਸਤੀ ਹੋਂਦ ਤੋਂ ਪਰੇ ਮਨੁੱਖ ਜੜ੍ਹ ਰਹਿਤ ਹੁੰਦਾ ਜਾ ਰਿਹਾ ਹੈ। ਆਪਣੀ ਜੜ੍ਹ ਨੂੰ ਵਸਤੂਵਾਦੀ ਵਰਤਾਰੇ ਵਿੱਚ ਗੁਆ ਬੈਠਣ ਨਾਲ ਮਨੁੱਖ ਦਾ ਸਕੂਨ ਵੀ ਗੁਆਚ ਗਿਆ ਹੈ। ਇਸ ਸਕੂਨ ਨੂੰ ਵਸਤੂਆਂ ਸੰਗ ਭਾਲਣਾ ਵੀ ਇੱਕ ਵੱਡਾ ਭਰਮ ਹੈ। ਇਹ ਬਾਜ਼ਾਰੀ ਵਰਤਾਰਾ ਕਾਵਿ ਸਾਹਿਤ ਰਾਹੀਂ ਬਾਹਰਮੁਖੀ ਸੰਵਾਦ ਸਿਰਜਦਾ ਹੈ। ਹੇਠ ਲਿਖੀਆਂ ਕਾਵਿ-ਸਤਰਾਂ ਵਿੱਚ ਇਹ ਸੰਵਾਦ ਕੁੱਝ ਇਸ ਤਰ੍ਹਾਂ ਮਿਲਦਾ ਹੈ:-

ਅੱਜਕੱਲ੍ਹ ਮੈਂ ਜੰਗਲ ਨੂੰ ਪੁੱਟ
ਬਜ਼ਾਰ 'ਚ ਲਾਇਆ
ਤੇ ਬਜ਼ਾਰ ਨੂੰ ਰੱਖਿਆ ਹੈ
ਆਪਣੇ ਘਰ ਅੰਦਰ
ਘਰ-ਬਜ਼ਾਰਮ-ਜੰਗਲ ਵਿਚ
ਫ਼ਰਕ ਵੀ ਕੀ ਹੈ?
ਅੱਜਕਲ੍ਹ ਮੈਂ
ਬਜ਼ਾਰ ਵਿੱਚ ਹੀ ਵੱਸਦਾ ਹਾਂ।[3]

ਇਸ ਤਰ੍ਹਾਂ ਬਜ਼ਾਰੀ ਵਰਤਾਰਾ ਗ਼ੈਰਜ਼ਰੂਰੀ ਦਖਲ-ਅੰਦਾਜ਼ੀ ਕਰਕੇ ਸਾਡੇ ਤੋਂ ਸਿਹਤਮੰਦ ਸਮਾਜਿਕ ਚੌਗਿਰਦਾ ਖੋਹ ਰਿਹਾ ਹੈ। ਸੁਤੰਤਰ ਤੇ ਸਵੈ-ਕੇਂਦਰਤ ਹੋਂਦ ਦਾ ਭੁਲੇਖਾ ਮਨੁੱਖ ਨੂੰ ਉਸ ਦੀ ਸਭਿਆਚਾਰਕ ਪਛਾਣ ਤੋਂ ਵੱਖ ਕਰ ਰਿਹਾ ਹੈ। ਇੱਕ ਹੋਰ ਕਵੀ ਦੀਆਂ ਕਾਵਿ-ਸਤਰਾਂ ਅੱਜ ਦੇ ਇਸ ਬਦਲਾਓ ਦੀ ਹਾਮੀ ਭਰਦੀਆਂ ਹਨ:-

ਤੂੰ ਮੈਨੂੰ ਰਿਸ਼ਤਿਆਂ ਦੇ ਦਾਇਰਿਆਂ
ਵਿਚ ਖੜਾ ਕਰਕੇ ਨਾ ਦੇਖੀਂ
ਰੌਸ਼ਨੀ ਦੇ ਇਸ ਯੁੱਗ ਵਿਚ ਵੀ
ਸਿਰ ਚੜ੍ਹ ਕੇ ਬੋਲ ਰਿਹਾ ਹੈ ਹਨੇਰਾ
ਹਨੇਰੇ ਨੇ ਬਦਲ ਲਿਆ ਹੈ
ਆਪਣਾ ਪੂਰੇ ਦਾ ਪੂਰਾ ਕੈਨਵਸ
ਹਨੇਰਾ ਹੁਣ ਰੰਗਾਂ 'ਚੋਂ ਬੋਲਦਾ ਹੈ
ਹਨੇਰਾ ਹੁਣ ਰੌਸ਼ਨੀ 'ਚੋਂ ਬੋਲਦਾ ਹੈ
ਹਨੇਰਾ ਹੁਣ ਗੀਤਾਂ 'ਚੋਂ ਬੋਲਦਾ ਹੈ
ਹਨੇਰਾ ਹਰ ਸੰਗੀਤ 'ਤੋਂ ਬੋਲਦਾ ਹੈ।[4]

ਇਹ ਹਨੇਰਾ ਮਨੁੱਖ ਦੇ ਆਲੇ-ਦੁਆਲੇ ਕੁੱਝ ਇਸ ਤਰ੍ਹਾਂ ਫੈਲ ਚੁੱਕਾ ਹੈ ਕਿ ਉਸ ਲਈ ਰੌਸ਼ਨੀਆਂ ਸੰਗ ਰਹਿ ਕੇ ਵੀ ਪੂੰਜੀਵਾਦੀ ਹਨੇਰੇ ਵਿੱਚੋਂ ਨਿਕਲਣਾ ਅਸੰਭਵ ਜਿਹਾ ਲੱਗਦਾ ਹੈ। ਇਹ ਹਨੇਰਾ ਮਨੁੱਖ ਆਪਣੀ ਅਗਲੇਰੀ ਪੀੜ੍ਹੀ ਨੂੰ ਵੀ ਵਿਰਾਸਤ ਵਿੱਚ ਦੇ ਰਿਹਾ ਹੈ। ਤਿੜਕਦੇ ਰਿਸ਼ਤਿਆਂ ਅਤੇ ਮੌਜੂਦਾ ਜ਼ਿੰਦਗੀ ਦੀ ਉਦਾਸੀਨਤਾ ਉਸ ਦੇ ਬੱਚੇ ਵੀ ਭੋਗਦੇ ਹਨ। ਵਿਸ਼ਵੀਕਰਨ ਦੇ ਸਵੈ-ਕੇਂਦਰਤ ਸਰੋਕਾਰ ਤੇ ਦੇਹਵਾਦੀ ਸਰੋਕਾਰ ਪਰਿਵਾਰਕ ਵਿਰੋਧ ਵੀ ਪੈਦਾ ਕਰਦੇ ਹਨ। ਇਸ ਵਿਰੋਧ ਦੇ ਫਲਸਰੂਪ ਰਿਸ਼ਤਿਆਂ ਦੀ ਟੁੱਟ-ਭੱਜ ਮਨੁੱਖ ਦੀ ਰੂਹ ਨੂੰ ਮੁਕੰਮਲ ਤੌਰ 'ਤੇ ਖੰਡਿਤ ਕਰ ਦਿੰਦੀ ਹੈ। ਇਸ ਪ੍ਰਕਾਰ ਅਜੋਕੇ ਦੌਰ ਵਿੱਚ ਘਰ ਕੋਈ ਸੁਖਾਵਾਂ ਅਹਿਸਾਸ ਨਾ ਹੋ ਕੇ ਪਦਾਰਥਾਂ ਦਾ ਅਣਸੁਖਾਵਾਂ ਢੇਰ ਜਾਪਣ ਲੱਗਾ ਹੈ। ਕਿਉਂਕਿ ਘਰ ਵਿਚਲੀ ਸਾਂਝ ਟੁੱਟ ਕੇ ਵਿਸ਼ਵੀਕਰਨ ਦੇ ਸਬਜ਼ਬਾਗ ਵਿੱਚ ਗੁਆਚ ਚੁੱਕੀ ਹੈ।

"ਸਰਮਾਏਦਾਰੀ ਨੇ ਵਿਸ਼ਵ ਵਿੱਚ ਐਸੀ ਚੜ੍ਹ ਮਚਾ ਦਿੱਤੀ ਕਿ ਦੁਨੀਆ ਵਸਤੂਆਂ ਦੇ ਹੜ੍ਹ ਵਿੱਚ ਗੁੰਮ ਗੁਆਚਣ ਲੱਗੀ ਪੰਜਾਬੀ ਮਨੁੱਖ ਜੋ ਪੰਜਾਬ ਦੇ ਸੰਕਟ ਤੋਂ ਭੈਅ-ਭੀਤ ਸੀ, ਉਸ ਨੂੰ ਅਮਨ-ਕਾਨੂੰਨ ਨੇ ਜਿੱਥੇ ਰਾਹਤ ਦਿੱਤੀ ਉੱਥੇ ਸਿੱਧੇ ਉਪਭੋਗਤਾ ਦੇ ਖੁੱਲ੍ਹੇ ਬਾਜ਼ਾਰ ਵਿੱਚ ਲਿਆ ਖੜ੍ਹਾ ਕੀਤਾ। ਇਕ ਪਾਸੇ ਵਲੂੰਧਰੀ ਮਾਨਸਿਕਤਾ, ਦੂਜੇ ਪਾਸੇ ਉਪਭੋਗਤਾ ਦਾ ਆਲਮ ਤੇ ਤੀਜਾ ਸਮਾਜਵਾਦੀ ਸਮਾਜ ਦਾ ਖਿੰਡਾਅ ਪੰਜਾਬੀ ਮਨੁੱਖ ਨੂੰ ਸਵੈ-ਕੇਂਦਰਤ ਸਰੋਕਾਰਾਂ ਵੱਲ ਧਕੇਲ ਕੇ ਲੈ ਗਿਆ।"[5] ਇਹ ਸਰੋਕਾਰ ਨਵੀਂ ਪੰਜਾਬੀ ਕਵਿਤਾ ਵਿੱਚ ਨਵੇਂ ਸੰਵਾਦ ਲੈ ਕੇ ਆਏ। ਜਿਨ੍ਹਾਂ ਤੋਂ ਸਮਕਾਲੀ ਮਨੁੱਖ ਦੀ ਜੀਵਨ ਧਾਰਾ ਦਾ ਵਹਿਣ ਸਾਨੂੰ ਪ੍ਰਤੱਖ ਦਿੱਖਦਾ ਹੈ। ਹੁਣ ਦੀ ਪੰਜਾਬੀ ਕਵਿਤਾ ਦੀਆਂ ਹੇਠ ਦਿੱਤੀਆਂ ਕੁੱਝ ਹੋਰ ਉਦਾਹਰਣਾਂ ਸਾਨੂੰ ਅੰਤਰਮੁਖੀ ਤੇ ਬਾਹਰਮੁਖੀ ਸੰਵਾਦ ਦੇ ਰੂ-ਬ-ਰੂ ਕਰਵਾਉਂਦੀਆਂ ਹਨ:-

ਅੱਜ ਹੀ
ਦਾਨਿਆਂ ਦਾ
ਇਕ ਬਿਆਨ ਛਪਿਆ ਹੈ
ਉਹ ਕੇਵਲ-
ਤਦ ਤਕ ਹਰੇ ਹੁੰਦੇ ਰਹਿਣਗੇ

ਜਦ ਤਕ-
ਮਨੁੱਖ ਆਪਣੀ ਜਿਉਣ ਦੀ ਆਸ ਨਹੀਂ ਛੱਡਦੇ।[6]
ਸਿਰਫ਼ ਜੰਮ ਦੇਣ ਨਾਲ ਹੀ
ਨਹੀਂ ਹੋ ਜਾਂਦੀ ਕੋਈ ਔਰਤ ਸਮੁੱਚੀ ਮਾਂ
ਕੁੱਖ ਦੀ ਪੀੜ ਤੋਂ ਵੀ ਹੁੰਦੇ ਸੰਘਣੇ
ਦੁੱਖ ਬਥੇਰੇ।[7]
ਬਸ ਮੈਨੂੰ ਤਾਂ ਇਕੋ ਡਰ ਹੈ
ਕਿ ਏਸ ਕੈਪਸੂਲ ਦਾ ਸਾਈਡ ਈਫੈਕਟ
ਕਰ ਨਾ ਦਏ
ਕੁੱਲੀ ਦਾ ਅੰਤ
ਜੁੱਲੀ ਦਾ ਅੰਤ
ਗੁੱਲੀ ਦਾ ਅੰਤ।[8]
ਕੱਚ ਦਾ ਗਿਲਾਸ ਟੁੱਟਿਆ
ਬਸ
ਘਰ ਟੁੱਟਿਆ।[9]

ਉਪਰੋਕਤ ਕਾਵਿ-ਸਤਰਾਂ ਕ੍ਰਮਵਾਰ ਅੱਜ ਦੇ ਮਨੁੱਖੀ ਜੀਵਨ ਦੇ ਆਰਥਿਕ ਸਰੋਕਾਰਾਂ, ਨਾਰੀਵਾਦੀ ਸਰੋਕਾਰਾਂ, ਵਿਸ਼ਵੀਕਰਨ ਦੇ ਸਰੋਕਾਰਾਂ ਅਤੇ ਸਮਾਜਿਕ ਸਰੋਕਾਰਾਂ ਦੀ ਵੰਨਗੀ ਪੇਸ਼ ਕਰਦੀਆਂ ਹਨ।

ਮੌਜੂਦਾ ਸਮੇਂ ਦੀ ਸ਼ਾਇਰੀ ਮਨੁੱਖ ਦੇ ਅੰਤਰਮੁਖੀ ਸੰਵਾਦ ਨੂੰ ਉਸ ਦੀ ਦੁਬਿਧਾ, ਨਿੱਜੀ ਲਾਲਸਾਵਾਂ, ਰਿਸ਼ਤਿਆਂ ਦੀ ਟੁੱਟ-ਭੱਜ, ਸਵੈ-ਪ੍ਰਧਾਨਤਾ ਤੇ ਗੁੰਝਲਦਾਰ ਵਸਤੂਵਾਦੀ ਸੰਬੰਧਾਂ ਰਾਹੀਂ ਪ੍ਰਗਟਾਉਂਦੀ ਹੈ। "ਇਹ ਸ਼ਾਇਰੀ ਨਪੀੜੇ ਮਨੁੱਖ ਦੀ ਦਰਦ ਵੇਦਨਾ ਤੇ ਵਿਵੇਕ ਨੂੰ ਵੱਖਰੇ ਅੰਦਾਜ਼ ਵਿੱਚ ਉਭਾਰਨ ਦਾ ਆਹਰ ਕਰ ਰਹੀ ਹੈ। ਵਿਕਸਿਤ ਆਧੁਨਿਕ ਸਮਾਜਾਂ ਵਿੱਚ ਦਿਸਦੇ ਨਾਲੋਂ ਅਣਦਿਸਦੇ ਸ਼ਕਤੀ ਨਿਯੰਤਰਣ ਵਧੇ ਹਨ। ਸਰੀਰਕ ਤਸ਼ੱਦਦ ਤੇ ਬਾਹਰੀ ਗੁਲਾਮੀ ਨਾਲੋਂ ਮਨੁੱਖੀ ਹੋਂਦ ਨੂੰ ਬਹੁਤ ਤਕਨੀਕਾਂ ਨਾਲ ਨਿਰਬਲ ਕਰਨ/ ਅਧੀਨ ਕਰਨ/ ਨਿਯੰਤਰਣ ਕਰਨ ਜਾਂ ਹਾਸ਼ੀਏ ਤੇ ਧਕੇਲਣ ਦਾ ਪਰਪੰਚ ਤੰਤਰ ਦਿਨੋਂ ਦਿਨ ਆਪਣੀਆਂ ਪਦਾਰਥਕ, ਕਾਨੂੰਨੀ ਅਤੇ ਹੋਰ ਸ਼ਕਤੀਸ਼ਾਲੀ ਤਰਤੀਬਾਂ ਸਮੇਤ ਭਾਰੂ ਹੁੰਦਾ ਜਾ ਰਿਹਾ ਹੈ।"[10] ਅਜਿਹੀ ਸਥਿਤੀ ਵਿੱਚ ਮਨੁੱਖ ਅਸੰਤੁਸ਼ਟ, ਬੇਵਿਸ਼ਵਾਸੀ ਤੇ ਬੇਪ੍ਰਤੀਤੀ ਜਿਹੀ ਮਨੋਵੇਦਨਾ ਹੰਢਾਉਂਦਾ ਹੈ। ਮਨੁੱਖ ਦੀ ਇਹ ਵੇਦਨਾ ਉਸ ਦੀ ਹਾਣ ਦੀ ਕਵਿਤਾ ਦੀ ਪ੍ਰਮੁੱਖ ਸੁਰ ਬਣਦੀ ਜਾ ਰਹੀ ਹੈ।

ਔਰਤ ਅਤੇ ਮਰਦ ਕਾਵਿ-ਸਾਹਿਤਕਾਰ ਦੋਨੋਂ ਹੀ ਮਨੁੱਖੀ ਹੋਂਦ ਦੇ ਤਣਾਓ, ਤ੍ਰਾਸਦੀ ਅਤੇ ਅਮੁੱਕ ਤਮੰਨਾਵਾਂ ਨੂੰ ਬੜੀ ਖੂਬਸੂਰਤੀ ਨਾਲ ਬਿਆਨ ਕਰ ਰਹੇ ਹਨ। ਜਿਵੇਂ:-

ਨਾਂ ਕਿਵੇਂ ਰੱਖ ਹੋਵੇ ਇਸ ਲੰਗੜੀ ਦੌੜ ਦਾ
ਯੁੱਧ ਕਰਨਾ ਸੀ ਜਿਸ ਦੇ ਖਿਲਾਫ਼
ਉਸੇ ਦੁਸ਼ਮਣ ਨਾਲ ਰਲਿਆ ਮੈਂ ਜਾ।[11]
ਸੰਗ ਰਖ, ਸਾਥ ਰਖ
ਇੰਨੇ ਸਾਰੇ ਮਹਿਰਮਾਂ ਦੀ
ਪਰ ਕਦੇ ਵਫ਼ਾ ਨਾ ਤਕ।[12]
ਹੰਝੂ, ਹੌਂਕੇ, ਦਰਦ, ਤੌਖਲੇ, ਪਰਛਾਵਾਂ, ਵਿਦਰੋਹ
ਕਿਹਾ ਵਿਲੱਖਣ ਹੈ ਮੇਰੀ ਤਨਹਾਈ ਦਾ ਪਰਵਾਰ।[13]
ਇਥੇ ਹੀ ਕਿਤੇ ਹੀ ਤਾਂ ਸੀ ਮੈਂ

ਆਪਣੇ ਕੋਲੋਂ ਹੀ ਕਿਤੇ ਰਖਿਆ ਗਿਆ ਹਾਂ ਮੈਂ।[14]

ਉੱਪਰ ਲਿਖੀਆਂ ਕਾਵਿ-ਸਤਰਾਂ ਮਨੁੱਖੀ ਮਨ ਦੀਆਂ ਅਨੇਕਾਂ ਪਰਤਾਂ ਅਤੇ ਪਰਤਾਂ ਵਿੱਚ ਜਿਉਂਦੇ ਮਨੁੱਖ ਦੀ ਇਕੱਲਤਾ, ਉਦਾਸੀ, ਬੇਭਰੋਸਗੀ, ਗੁੰਝਲਦਾਰ ਹਾਲਾਤਾਂ ਦੀ ਦਾਸਤਾਨ, ਸਕੂਨ ਦੀ ਤਲਾਸ਼ ਅਤੇ ਮਨ ਦੀ ਕਈ ਤਰ੍ਹਾਂ ਦੀ ਉਧੇੜਬੁਣ ਪੇਸ਼ ਕਰਦੀਆਂ ਹਨ। ਇਹ ਉਧੇੜਬੁਣ ਤੇ ਮਾਨਸਿਕ ਦੁਬਿਧਾ ਪੰਜਾਬੀ ਕਾਵਿ ਵਿੱਚ ਅੰਤਰਮੁਖੀ ਸੰਵਾਦ ਰਚਾਉਂਦੀ ਹੈ। ਅਜਿਹੀ ਮਾਨਸਿਕ ਸਥਿਤੀ ਮਨੁੱਖੀ ਮਨ ਦੀ ਆਪਣੇ-ਆਪ 'ਚ ਹੀ ਇੱਕ ਵੱਡੀ ਜੰਗ ਹੋ ਨਿੱਬੜਦੀ ਹੈ।

ਸਮਾਜਿਕਤਾ, ਸਮੂਹਕਤਾ ਤੇ ਸਾਂਝਭਿਆਲੀ ਹੁਣ ਮਨਾਂ ਵਿੱਚੋਂ ਮਨਫ਼ੀ ਹੁੰਦੀ ਜਾ ਰਹੀ ਹੈ। ਸਵੈ-ਕੇਂਦਰਤ ਸਰੋਕਾਰ ਹੁਣ ਨਿੱਜ-ਮੁਲਕਤਾ ਦੀ ਸ਼ਾਇਰੀ ਉਸਾਰਦੇ ਹਨ। ਸਾਂਝ ਤੋਂ ਵਿਹੂਣਾ ਹੋਣਾ ਤੇ ਪਦਾਰਥਾਂ ਨਾਲ ਇਕਸੁਰਤਾ ਮਨੁੱਖੀ ਮਨ ਤੋਂ ਸੰਤੁਸ਼ਟੀ ਖੋਹ ਰਹੀ ਹੈ। ਸਬਰ, ਸੰਤੋਖ, ਸਾਂਝੀਵਾਲਤਾ, ਸਿਆਣਪ ਤੇ ਸਮੂਹਿਕ ਪ੍ਰਗਤੀ ਵਾਲੇ ਵਿਰਾਸਤੀ ਗੌਰਵ ਨਾਲੋਂ ਨਿੱਖੜ ਕੇ ਮਨੁੱਖ ਨੂੰ ਕਿੱਧਰੋਂ ਵੀ ਸੰਤੁਸ਼ਟੀ ਨਹੀਂ ਮਿਲ ਰਹੀ। ਅਜਿਹੀ ਅੰਤਰਮੁਖੀ ਸੰਵਾਦੀ ਬਿਰਤੀ ਨਾਲ ਸੰਬੰਧਿਤ ਅਜੋਕਾ ਪੰਜਾਬੀ ਕਾਵਿ ਕੁਝ ਇਸ ਤਰ੍ਹਾਂ ਸਿਰਜਣ-ਧਾਰਾ ਨਾਲ ਜੁੜਦਾ ਹੈ:-

ਤਹਿਜ਼ੀਬ
ਤਰਤੀਬ
ਰੰਗ ਸੁਗੰਧ
ਭਾਸ਼ਾ ਪ੍ਰੀਭਾਸ਼ਾ
ਤੇ ਬਿੰਦੂਆਂ 'ਚ ਘਿਰਿਆ
ਅਕ ਗਿਆ ਹਾਂ ਮੈਂ ਵਿਵੇਕ ਵਿਸ਼ਲੇਸ਼ਣ ਦੀ ਪਰਤ ਤੇ
ਝੂਠ ਸੱਚ ਦੀ ਧਰਤ ਤੇ
ਤੁਰਦੇ ਤੁਰਦੇ ਥਕ ਗਿਆ ਹਾਂ ਮੈਂ
ਮੈਂ ਮੇਰੇ ਆਕਾਰ ਦੇ
ਮੇਰੇ ਅਹੰਕਾਰ ਦੇ
ਮੇਚ ਨਹੀਂ ਆਉਂਦਾ
ਕੋਈ ਵੀ ਬ੍ਰਹਿਮੰਡ।[15]
ਮੇਰੇ ਕੋਲ ਕੁਝ ਫਿਕਰ ਨੇ
ਭਮੱਤਰੀ ਜਹੀ ਚੁੱਪ ਹੈ
ਬੁਝੀ-ਬੁਝੀ ਅਲਵਿਦਾ
ਪਿੰਡੇ ਤੇ ਹੰਢਾਅ ਰਿਹਾ ਹਾਂ
ਖੁਸ਼ਆਮਦੀਦ
ਬਹੁਤ ਪਿੱਛੇ ਛਡ ਆਇਆ ਹਾਂ।[16]

ਉਪਰੋਕਤ ਸਤਰਾਂ ਅਨੁਸਾਰ ਅੱਜ ਦੇ ਯੁੱਗ ਦਾ ਮਨੁੱਖ ਲਘੂ ਬਨਾਮ ਪਦਾਰਥਕ ਸਰੋਕਾਰਾਂ ਵਿੱਚੋਂ ਸਕੂਨ ਭਰੀ ਸਪੇਸ ਲੱਭ ਰਿਹਾ ਹੈ, ਜੋ ਕਿ ਅਸੰਭਵ ਕਾਰਜ ਹੈ।

ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਪੰਜਾਬੀ ਕਵਿਤਾ ਹਰ ਤਰ੍ਹਾਂ ਦੇ ਵਿਸ਼ੇ ਸੰਬੰਧੀ ਸੰਵਾਦ ਸਿਰਜ ਰਹੀ ਹੈ। ਇਸ ਵਿੱਚ ਦਲਿਤ ਚੇਤਨਾ, ਸਭਿਆਚਾਰਕ ਚੇਤਨਾ, ਨਾਰੀ ਚੇਤਨਾ, ਪਰਵਾਸੀ ਜੀਵਨ ਸੰਬੰਧੀ ਚੇਤਨਾ ਅਤੇ ਰਾਜਨੀਤਿਕ ਚੇਤਨਾ ਪੇਸ਼ ਹੋਈ ਮਿਲਦੀ ਹੈ। ਮਾਨਸਿਕ ਖਿੜਾਓ ਤੋਂ ਦੂਰ ਸਮਕਾਲੀ ਕਵਿਤਾ ਸ਼ਿਕਾਇਤ ਕਰਦੀ ਨਜ਼ਰ ਆਉਂਦੀ ਹੈ। ਮਨੁੱਖ ਦੇ ਸ਼ੰਕੇ, ਸ਼ਿਕਾਇਤਾਂ ਉਸ ਦੀ ਭਟਕਦੀ ਹੋਂਦ ਦਾ ਦ੍ਰਿਸ਼ ਚਿਤਰਣ ਕਰਦੀਆਂ ਹਨ। ਵਿਸ਼ਵੀਕਰਨ ਦਾ ਚੌਗਿਰਦਾ ਹੀ ਅਜਿਹਾ ਹੈ, ਮਨੁੱਖ ਸਰਮਾਏਦਾਰੀ ਦੇ ਭਰਮ ਜਾਲ ਵਿੱਚ ਜਿੰਨਾ ਸਵੈ-ਕੇਂਦਰਤ ਹੋ ਰਿਹਾ ਹੈ, ਓਨਾ ਹੀ ਆਪੇ ਦੀ ਪਛਾਣ ਭੁੱਲਦਾ

ਜਾ ਰਿਹਾ ਹੈ। ਜਸਵੰਤ ਜ਼ਫ਼ਰ ਦੀ ਕਾਵਿ ਕਿਰਤ 'ਅਸੀਂ ਨਾਨਕ ਦੇ ਕੀ ਲਗਦੇ ਹਾਂ' ਵਿੱਚ ਅੱਜ ਦੇ ਮਨੁੱਖੀ ਕਿਰਦਾਰ ਦੇ ਨਕਾਰਾਤਮਕ ਸਰੋਕਾਰ ਅਤੇ ਪੰਜਾਬੀ ਸਮਾਜ ਦੇ ਪੁਰਖਿਆਂ ਦੀ ਸੋਚ ਤੋਂ ਦੂਰ ਦੇ ਵਰਤਾਰੇ ਨੂੰ ਪੇਸ਼ ਕੀਤਾ ਗਿਆ ਹੈ।

ਜਾਤ-ਪਾਤ ਦੇ ਵਿਤਕਰੇ ਅਤੇ ਪਰਵਾਸੀ ਹੋਣ ਦਾ ਦੁੱਖ ਵੀ ਅੰਤਰਮੁਖੀ ਸੰਵਾਦ ਉਲੀਕਦਾ ਹੈ। ਬੇਗਾਨਗੀ, ਉਦਾਸੀ, ਭਟਕਣਾ, ਪ੍ਰਤੀਰੋਧ, ਨਿਰਾਸ਼ਾ, ਮਾਨਵੀ ਹੁਲਾਸ ਤੇ ਤਣਾਓ ਇਨ੍ਹਾਂ ਦਲਿਤ ਤੇ ਪਰਵਾਸੀ ਸਰੋਕਾਰਾਂ ਵਿੱਚ ਹੀ ਨਹੀਂ, ਸਮਕਾਲੀ ਕਵਿਤਾ ਦੇ ਹੋਰਨਾਂ ਸਰੋਕਾਰਾਂ ਵਿੱਚ ਵੀ ਸਹਿਜੇ ਹੀ ਮਿਲ ਜਾਂਦੇ ਹਨ। ਅਤਿ-ਆਧੁਨਿਕ ਦੌਰ ਦੇ ਇਸ ਉੱਨਤੀ ਦੇ ਪੜਾਅ ਤੱਕ ਪਹੁੰਚਦਿਆਂ ਉਪਜ ਰਹੀਆਂ ਮਾਨਸਿਕ ਵਿਸੰਗਤੀਆਂ ਸਭਿਆਚਾਰਕ ਕਦਰਾਂ-ਕੀਮਤਾਂ ਤੋਂ ਤੋੜਨ ਵਾਲੇ ਨਵੇਂ ਪਦਾਰਥਕ ਸਭਿਆਚਾਰ ਦੀ ਕੋਝੀ ਰਣਨੀਤੀ ਹੈ, ਜਿਸ ਦੇ ਤਹਿਤ ਲੋਕ-ਸਮੂਹ ਨੂੰ ਸਰਮਾਏਦਾਰੀ ਚੌਖਟੇ ਵਿੱਚ ਢਾਲਿਆ ਜਾ ਰਿਹਾ ਹੈ। ਅਜਿਹੇ ਵਰਤਾਰੇ ਨੂੰ ਢੁਕਵਾਂ ਕਲਮੀ ਜਾਮਾ ਪਹਿਨਾਉਣਾ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਸਮਕਾਲੀ ਕਵਿਤਾ ਦੇ ਇਹ ਸੰਵਾਦ ਮਨੁੱਖ ਦੇ ਬਾਹਰੀ ਅਤੇ ਅੰਦਰੂਨੀ ਸੰਸਾਰ ਉੱਪਰ ਝਾਤ ਪੁਆਉਂਦੇ ਹਨ। ਜਿਵੇਂ:-

ਕਿਥੇ ਆ ਕੇ ਸਫ਼ਰ ਮੁਕਾਇਆ
ਇਕ ਉਮਰ ਦੇ ਸੁਪਨੇ
ਬੇਵਤਨੇ ਤੇ ਬੇਕਫ਼ਣੇ।[17]
ਮੈਂ ਕਵੀ ਹਾਂ
ਕੋਮਲ ਜਿਹਾ
ਤੁਹਾਡੇ ਹਿਰਦਿਆਂ 'ਚ ਸੋਏ ਸੁਪਨੇ
ਹੱਥਾਂ ਦੀਆਂ ਪਾਟੀਆਂ ਲਕੀਰਾਂ
ਮੱਥਿਆਂ 'ਚ ਉਕਰੇ ਜਾਤ ਦੇ ਬਿੰਬ
ਮੇਰੀ ਕਵਿਤਾ 'ਚ ਪਤਾ ਨਹੀਂ ਕਦੋਂ ਆ ਵੜਦੇ ਹਨ
ਤੇ ਬਣਾ ਦਿੰਦੇ ਹਨ ਮੈਨੂੰ
ਕਵਿਤਾ ਦਾ ਖਲਨਾਇਕ।[18]

ਸੋ ਪਰਵਾਸੀ ਅਤੇ ਦਲਿਤ ਕਾਵਿ ਵਿੱਚ ਹਾਸ਼ੀਆਗਤ ਮਨੁੱਖ ਦੀ ਵੇਦਨਾ ਅਤੇ ਵਸਤੂਵਾਦੀ ਜੀਵਨ ਦੀ ਤ੍ਰਾਸਦਿਕ ਹੋਣੀ ਨੂੰ ਦਰਸਾਇਆ ਗਿਆ ਹੈ। ਸਮਕਾਲੀ ਕਵਿਤਾ ਦੀ ਸਵੈ-ਸੰਬੋਧਨੀ ਵਿਧੀ ਕੁਝ ਇਸ ਤਰ੍ਹਾਂ ਵੀ ਸੰਚਾਰ ਕਰ ਰਹੀ ਹੈ:-

ਕੰਪਿਊਟਰ ਦਾ ਖਾਲੀ ਮੌਨੀਟਰ ਬਣਿਆ
ਡਸਟਬਿਨ ਵਿਚ ਪਿਆ
ਮੈਂ ਅਜ ਉਦਾਸ ਸੋਚਦਾ ਹਾਂ
ਮੈਨੂੰ ਇਸ ਸਭਿਅਕ ਸਮਾਜ ਵਿਚ
ਰਹਿਣਾ ਹੀ ਨਹੀਂ ਆਇਆ।
ਕੀ ਕੁਝ ਨਹੀਂ ਕੀਤਾ ਇਸ ਸਮਾਜ ਨੇ ਮੇਰੇ ਲਈ।[19]

ਇਸ ਤਰ੍ਹਾਂ ਵਿਰਾਸਤੀ ਚੇਤਨਾ ਨਾਲ ਜੁੜਿਆ ਮਨੁੱਖ ਵਿਸ਼ਵੀਕਰਨ ਦੇ ਚੌਗਿਰਦੇ ਵਿੱਚ ਤ੍ਰਾਸਦੀ ਭੋਗਦਾ ਹੈ। ਅੱਜ ਦਾ ਮਨੁੱਖ ਆਪਣਾ ਪੂਰਾ ਤਾਣ ਲਾ ਕੇ ਵੀ ਅਧੂਰਾ ਤੇ ਇਕੱਲਾ ਮਹਿਸੂਸ ਕਰਦਾ ਹੈ।

ਸੋ ਉਤਰ ਪੰਜਾਬ ਸੰਕਟ ਦੀ ਇਹ ਸਮਕਾਲੀ ਪੰਜਾਬੀ ਕਵਿਤਾ ਵਿਸ਼ਵੀਕਰਨ ਦੇ ਉਤਰ-ਆਧੁਨਿਕ ਪ੍ਰਸੰਗਾਂ ਅਤੇ ਹਾਸ਼ੀਆਗ੍ਰਸਤ ਪਛਾਣ ਬਾਰੇ ਸੰਵਾਦੀ ਬਿਰਤੀ ਰਾਹੀਂ ਵਿਭਿੰਨ ਵਿਸ਼ਿਆਂ ਉੱਪਰ ਝਾਤ ਪੁਆਉਂਦੀ ਹੈ। "ਸਮਕਾਲੀ ਪੰਜਾਬੀ ਕਾਵਿ ਆਪਣੀਆਂ ਅੰਦਰੂਨੀ ਅਤੇ ਬਾਹਰਲੀਆਂ ਭਾਰੂ ਪਰਸਥਿਤੀਆਂ, ਜਿਨ੍ਹਾਂ ਦੇ ਅਸਾਵੇਂ ਦਵੰਦਾਂ, ਪ੍ਰਤੀਦਵੰਦਾਂ, ਸੰਕਟਾਂ ਅਤੇ ਉਥਲ-ਪੁਥਲ ਵਿੱਚੋਂ ਗੁਜ਼ਰ ਰਿਹਾ ਹੈ, ਨੇ ਸਾਡੀ ਸਮਕਾਲੀ ਕਵਿਤਾ ਦੀ ਥੀਮਗਤ ਚੋਣ, ਪ੍ਰਸਤੁਤੀ,

ਦ੍ਰਿਸ਼ਟੀ, ਭਾਸ਼ਾਈ ਮੁਹਾਵਰੇ, ਸੰਬੋਧਨ ਅਤੇ ਚਿੰਨ੍ਹ-ਪ੍ਰਬੰਧ ਨੂੰ ਕਾਫੀ ਬਦਲ ਦਿੱਤਾ ਹੈ।”[20] ਇਹ ਕਵਿਤਾ ਸਮੂਹਿਕ ਸਰੋਕਾਰਾਂ ਤੇ ਗੌਰਵਮਈ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਦੀ ਘੱਟ ਪਰ ਨਿੱਜ ਪ੍ਰਧਾਨਤਾ ਦੀ ਗੱਲ ਵਧੇਰੇ ਕਰਦੀ ਹੈ। ਕਿਉਂਕਿ ਹੁਣ ਦਾ ਮਨੁੱਖ ਸਮੂਹਿਕ ਨਹੀਂ, ਕੇਵਲ ਸਵੈ ਦੀ ਬਲਸ਼ਾਲੀ ਪਛਾਣ ਸਥਾਪਤ ਕਰਨੀ ਚਾਹੁੰਦਾ ਹੈ।

ਮੁੱਕਦੀ ਗੱਲ ਕਰੀਏ ਤਾਂ ਸਮਕਾਲੀ ਪੰਜਾਬੀ ਕਵਿਤਾ ਦੇ ਵਿਭਿੰਨ ਅੰਤਰਮੁਖੀ ਤੇ ਬਾਹਰਮੁਖੀ ਸੰਵਾਦ ਮਨੁੱਖੀ ਜੀਵਨ ਦੇ ਸਮੂਹ ਸਰੋਕਾਰਾਂ ਨੂੰ ਬਾਖੂਬ ਪੇਸ਼ ਕਰਦੇ ਹਨ। ਅੱਜ ਦੀ ਪੰਜਾਬੀ ਕਵਿਤਾ ਇਨ੍ਹਾਂ ਸੰਵਾਦਾਂ ਵਿੱਚ ਹੀ ਸੰਭਾਵਨਾਵਾਂ ਸਮੋਈ ਬੈਠੀ ਹੈ। ਸਾਨੂੰ ਸਾਡੀ ਵਿਲੱਖਣ ਹੋਂਦ ਨੂੰ ਬਚਾਉਣ ਲਈ ਸਮੂਹਿਕ ਸਾਧਨਾ ਦੇ ਨਾਲ-ਨਾਲ ਪੰਜਾਬ ਪੰਜਾਬੀ ਪੰਜਾਬੀਅਤ ਦੀ ਧਾਰਨੀ ਆਪੇ ਦੀ ਸਾਰਥਕ ਪਛਾਣ ਵੀ ਕਰਨੀ ਹੋਵੇਗੀ। ਸਮਕਾਲੀ ਪੰਜਾਬੀ ਕਾਵਿ ਦੀ ਇਹ ਪਛਾਣ ਇਸ ਦਾ ਸੰਵਾਦ ਤੇ ਸ਼ਿੰਗਾਰ ਬਣ ਮੌਲਿਕਤਾ ਲੈ ਕੇ ਆਈ।

ਹਵਾਲੇ ਅਤੇ ਟਿੱਪਣੀਆਂ


1. ਡਾ. ਸਰਬਜੀਤ ਸਿੰਘ, ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ, ਪੰਨਾ 36
2. ਅਮਰਜੀਤ ਕੌਂਕੇ, ਸਿਮਰਤੀਆਂ ਦੀ ਲਾਲਟੈਣ, ਪੰਨਾ 123
3. ਹਰਵਿੰਦਰ ਭੰਡਾਲ, ਬਾਰੀਂ ਕੋਹੀਂ ਦੀਵਾ, ਪੰਨਾ 11
4. ਮੋਹਨ ਤਿਆਗੀ, ਲਹੂ ਦੀ ਵਿਰਾਸਤ, ਪੰਨਾ 42
5. ਡਾ. ਸਰਬਜੀਤ ਸਿੰਘ, ਪੰਜਾਬੀ ਕਵਿਤਾ: ਪ੍ਰਸੰਗ ਤੇ ਪ੍ਰਵਚਨ, ਪੰਨਾ 32
6. ਰਾਮ ਸਿੰਘ ਚਾਹਲ, ਭੋਇੰ, ਪੰਨਾ 19
7. ਪ੍ਰਮਿੰਦਰਜੀਤ, ਬਚਪਨ, ਘਰ ਤੇ ਮੈਂ, ਪੰਨਾ 19
8. ਭਗਵਾਨ ਢਿੱਲੋਂ, ਨੀਰੋ ਦੀ ਬੰਸਰੀ, ਪੰਨਾ 22
9. ਦਰਸ਼ਨ ਬੁੱਟਰ, ਖੜਾਵਾਂ, ਪੰਨਾ 31
10. ਡਾ. ਜਸਵਿੰਦਰ ਸਿੰਘ, ਸਮਕਾਲੀ ਪੰਜਾਬੀ ਕਾਵਿ-ਦ੍ਰਿਸ਼: ਸਥਿਤੀ ਸੰਭਾਵਨਾਵਾਂ ਤੇ ਵੰਗਾਰਾਂ, ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼, ਪੰਨਾ 41
11. ਜਸਵੰਤ ਦੀਦ, ਘੁੰਡੀ, ਪੰਨਾ 10
12. ਵਨੀਤਾ, ਮੰਦਰ ਸਪਤਕ, ਪੰਨਾ 39
13. ਡਾ. ਜਗਜੀਤ ਬਰਾੜ, ਬਰਫ਼ ਹੇਠ ਦੱਬੇ ਹਰਫ਼, ਪੰਨਾ 104
14. ਮਨਮੋਹਨ, ਸੁਰ-ਸੰਕੇਤ, ਪੰਨਾ 29
15. ਆਸੀ, ਨਿਰਦੇਸ਼ਕ, ਪੰਨਾ 14
16. ਦਰਸ਼ਨ ਬੁੱਟਰ, ਖੜਾਵਾਂ, ਪੰਨਾ 19
17. ਅਵਤਾਰ, ਅਸੀਂ ਕਾਲੇ ਲੋਕ ਸਦੀਂਦੇ, ਪੰਨਾ 31
18. ਗੁਰਮੀਤ ਕੋਲਮਾਜਰੀ, ਨਦੀਓਂ ਵਾਪਸ ਪਰਤ ਆਓ, ਸੰਵਾਦ-4, ਪੰਨਾ 70
19. ਵਰਿੰਦਰ ਪਰਿਹਾਰ, ਮੈਂ ਕਿਤੇ ਹੋਰ ਸੀ, ਪੰਨਾ 78
20. ਡਾ. ਜਸਵਿੰਦਰ ਸਿੰਘ, ਸਮਕਾਲੀ ਪੰਜਾਬੀ ਕਾਵਿ-ਦ੍ਰਿਸ਼: ਸਥਿਤੀ ਸੰਭਾਵਨਾਵਾਂ ਤੇ ਵੰਗਾਰਾਂ, ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼, ਪੰਨਾ 35